ਜਮਾ ਕਰਤਾ :-

ਗੁਰਵਿੰਦਰ ਕੌਰ
ਪੰਜਾਬੀ ਵਿਭਾਗ
ਸਰਕਾਰੀ ਕਾਲਜ ਲੜਕੀਆਂ,
ਲੁਧਿਆਣਾ

ਧਨੀ ਰਾਮ ਚਾਤ੍ਰਿਕ

ਕਵਿਤਾ ਕੀ ਹੁੰਦੀ ਹੈ ਅਤੇ ਇਸ ਦਾ ਇਤਿਹਾਸ

ਕਵਿਤਾ:-ਸਾਹਿਤ ਦਾ ਇਕ ਰੂਪ ਹੈ ਜੋ ਸੁਹਜ ਅਤੇ ਤਾਲਾਂ ਦੀ ਵਰਤੋਂ ਕਰਦਾ ਹੈ।ਭਾਸ਼ਾ ਦੇ ਗੁਣ-ਜਿਵੇਂ ਕਿ ਧੰਨਵਾਦ, ਧੁਨੀ ਪ੍ਰਤੀਕਵਾਦ, ਅਤੇ ਮੀਟਰ-ਤੋਂ ਅਰਥਾਂ ਦੇ ਇਲਾਵਾ, ਜਾਂ ਇਸਦੀ ਥਾਂ ਤੇ, ਪ੍ਰੋਸੈਕ ਆਸਟਰੇਸੀਬਲ ਅਰਥਾਂ ਨੂੰ ਜਗਾਉਣਾ।

ਇਤਿਹਾਸ:-ਪੰਜਾਬੀਆਂ ਨੂੰ ਕਵਿਤਾ ਲਿਖਣ ਦਾ ਸ਼ੋਕ ਢੇਰ ਪੁਰਾਣਾ ਹੈ ਅਸਲ ਵਿੱਚ ਮੁੱਢ ਤੋਂ ਹੀ ਪੰਜਾਬੀਆਂ ਦਾ ਦਿਲ ਕਵੀ ਚਲਿਆ ਆਉਂਦਾ ਹੈ ਤੇ ਇਨ੍ਹਾ ਦਾ ਜੀਵਨ ਕਿਸੇ ਡੂੰਘੇ ਰਾਗ ਵਿੱਚ ਗੜੂੰਦ ਹੋਈ ਕਵਿਤਾ ਹੈ। ਕੌਣ ਹੈ, ਜਿਹੜਾ ਪੰਜਾਬ ਦੇ ਮੱਚਦੇ ਦਰਯਾਵਾਂ, ਹਸਦੇ ਚਮਨਾਂ, ਵਹਿੰਦੇ ਔਲੂਆਂ, ਟਹਿਕਦੀਆਂ ਸਬਜ਼ੀਆਂ, ਗੂੰਜਦੀਆਂ ਚਾਟੀਆਂ, ਛੁਲਕਦੀਆਂ ਲੱਸੀਆਂ, ਨਚਦੇ ਝਰਨਿਆਂ ਤੇ ਨੀਲੀਆਂ ਧ੍ਰੇਕਾਂ ਬਲੇ ਕਿਲਕਿਲੀ ਪਾਉਂਦੇ ਕੁੜੀਆਂ ਦੇ ਤ੍ਰਿੰਵਣਾਂ ਨੂੰ ਵੇਖ ਕੇ ਆਪਣੀਆਂ ਵੱਖੀਆਂ ਵਿੱਚ 'ਕੁਝ ਕੁਝ ਹੁੰਦਾ' ਮਹਿਸੂਸ ਨਹੀਂ ਕਰਨ ਲਗ ਪੈਂਦਾ? ਇਥੋਂ ਦੀਆਂ ਕੁੜੀਆਂ ਦੁਧ ਰਿੜਕਦੀਆਂ, ਜੱਟੀਆਂ ਗੰਦਲਾਂ ਤੋੜਦੀਆਂ, ਕਿਸਾਨ ਹਲ ਵਾਹੁੰਦੇ ਕਵਿਤਾ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਹਨ; ਉਨ੍ਹਾਂ ਦੇ ਮਿਠੇ ਮਿਠੇ ਮਾਹੀਏ ਢੋਲੇ, ਟੁਣਕਦੀਆਂ ਬੋਲੀਆਂ, ਧ੍ਰੰਹਦੇ ਗੀਤ ਕਿਸੇ ਉਸੇ ਦਿਲ ਚੋਂ ਨਿਕਲ ਸਕਦੇ ਹਨ, ਜਿਸ ਦੇ ਭਖਦੇ ਲਹੂ ਵਿਚ ਕਵਿਤਾ ਰਚ ਚੁਕੀ ਹੋਵੇ।

ਪੰਜਾਬ ਦੇ ਪ੍ਰਮੁੱਖ ਕਵੀ

- ਭਾਈ ਵੀਰ ਸਿੰਘ
- ਧਨੀ ਰਾਮ ਚਾਤ੍ਰਿਕ
- ਪੂਰਨ ਸਿੰਘ
- ਮੋਹਨ ਸਿੰਘ
- ਅੰਮ੍ਰਿਤ ਪ੍ਰੀਤਮ
- ਬਾਵਾ ਬਲਵੰਤ
- ਸ਼ਿਵ ਕੁਮਾਰ
- ਸੁਰਜੀਤ ਪਾਤਰ
- ਡਾ. ਜਗਤਾਰ
- ਪਾਲ ਕੌਰ

ਜੀਵਨੀ (Biography)

ਲਾਲਾ ਧਨੀਰਾਮ ਚਾਤ੍ਰਿਕ (4 ਅਕਤੂਬਰ 1876–18 ਦਸੰਬਰ 1954) ਆਧੁਨਿਕ ਪੰਜਾਬੀ ਕਵਿਤਾ ਦੇ ਸੰਸਥਾਪਕ ਮੰਨੇ ਜਾਂਦੇ ਹਨ। ਉਹਨਾਂ ਦੀਆਂ ਰਚਨਾਵਾਂ ਪ੍ਰਾਚੀਨ ਅਤੇ ਨਵੀਂ ਪੰਜਾਬੀ ਕਵਿਤਾ ਵਿਚਕਾਰ ਕੜੀ ਹਨ। ਗੁਰਮੁਖੀ ਲਿਪੀ ਲਈ ਟਾਈਪ ਸੈਂਟ ਨੂੰ ਮਿਆਰੀ ਬਣਾਉਣ ਦਾ ਸਿਹਰਾ ਵੀ ਉਹਨਾਂ ਨੂੰ ਜਾਂਦਾ ਹੈ ।ਉਹ ਹੀ ਸਭ ਤੋਂ ਪਹਿਲੇ ਵਿਦਵਾਨ ਹਨ, ਜਿਹਨਾਂ ਨੂੰ ਸਾਤਿਹ ਸੇਵਾ ਦੇ ਬਦਲੇ ਉਹਨਾਂ ਦੀ 75 ਵੀਂ ਬਰਸੀ ਉਤੇ ਅਭਿਨੰਦਨ ਗਰੰਥ ਸਮਰਪਤ ਕਰਕੇ ਸਨਮਾਨਿਤ ਕੀਤਾ ਗਿਆ।

ਜਨਮ: 4 ਅਕਤੂਬਰ 1876
ਮੌਤ:- 18 ਦਸੰਬਰ 1954 (ਉਮਰ 78 ਸਾਲ)
ਕਾਰਜ -ਖੇਤਰ: ਕਵੀ
ਰਾਸ਼ਟਰੀਅਤਾ:- ਭਾਰਤੀ
ਭਾਸ਼ਾ:- ਪੰਜਾਬੀ
ਕਾਲ: 20 ਵੀਂ ਸਦੀ ਦਾ ਪਹਿਲਾ ਅਧ
ਵਿਧਾ:- ਕਵਿਤਾ
ਵਿਸ਼ਾ:- ਪੰਜਾਬੀ ਸੱਭਿਆਚਾਰ
ਸਾਹਿਤਿਕ ਲਹਿਰ:- ਪੰਜਾਬੀਅਤ

ਜੀਵਨ:- ਉਹ ਉਦੋਂ ਡੇਢ ਸਾਲ ਦੇ ਸਨ ਜਦੋਂ ਮਾਤਾ-ਪਿਤਾ ਪਰਿਵਾਰ ਸਮੇਤ ਲੋਪੋਕੇ ਜਿਲ੍ਹਾ ਅੰਮ੍ਰਿਤਸਰ ਆ ਵਸੇ।ਦਸ ਸਾਲ ਦੇ ਸਨ ਜਦ ਉਨ੍ਹਾਂ ਦਾ ਚਾਚਾ ਕੰਧਾੜੇ ਚੱਕ ਕੇ ਰਾਸਾ, ਤਮਾਸ਼ੇ, ਮੇਲੇ ਤੇ ਛਿੰਝਾਂ ਵਿਖਾਉਣ ਵਾਸਤੇ ਲੈ ਜਾਂਦਾ।

ਗੁਰਮੁਖੀ ਉਨ੍ਹਾਂ ਆਪਣੇ ਪਿਤਾ ਤੋਂ ਸਿੱਖੀ। ਹੌਲੀ ਹੌਲੀ ਹਿੰਦੀ ਅੱਖਰਾਂ ਦੀ ਪਛਾਣ ਵੀ ਕਰ ਲਈ।ਛੇ ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਪਿੰਡ ਦੇ ਮਦਰੱਸੇ ਦਾਖਲ ਕਰਵਾਇਆ ਗਿਆ।ਦੋ ਜਮਾਤਾਂ ਪਿਛੋਂ ਉਨ੍ਹਾਂ ਬਦੋਮੱਲੀ (ਜ਼ਿਲ੍ਹਾ ਸਿਆਲਕੋਟ) ਸਕੂਲ ਵਿਚੋਂ ਪੰਜਵੀਂ ਪਾਸ ਕੀਤੀ। ਫਿਰ ਉਨ੍ਹਾਂ ਅੰਮ੍ਰਿਤਸਰ ਦੇ ਇਸਲਾਮੀਆ ਸਕੂਲ ਚੌਕ ਫਰੀਦ ਵਿੱਚ ਜੂਨੀਅਰ ਸਪੈਸ਼ਲ ਕਲਾਸ ਵਿਚ ਦਾਖਲਾ ਲੈ ਲਿਆ ਜਿਥੇ ਉਨ੍ਹਾਂ ਅੰਗਰੇਜ਼ੀ ਸਿੱਖੀ। ਪੰਦਰਾਂ ਸਾਲ ਦੀ ਉਮਰੇ ਉਨ੍ਹਾਂ ਵਸੀਕਾ-ਨਵੀਸੀ ਸ਼ੁਰੂ ਕੀਤੀ।

ਰਾਤ੍ਰਿਕ ਦਾ ਵਿਆਹ ਬੱਦੋਮੋਲੀ ਵਿਚ ਹੀ ਹੋਇਆ। ਉਨ੍ਹਾਂ ਮੁਤਾਬਕ , ਉਸ ਵਕਤ ਅੱਠ-ਨੌਂ ਵਰ੍ਹਿਆਂ ਦੇ ਮੁੰਡੇ ਤੇ ਸੱਤ-ਅੱਠ ਵਰ੍ਹਿਆਂ ਦੀ ਕੁੜੀ ਦਾ ਵਿਆਹ ਕਰ ਦਿੱਤਾ ਜਾਂਦਾ ਸੀ।

ਰਚਨਾਵਾਂ:-

1. ਭਰਤਰਹਰੀ (1905)
2. ਨਲ ਦਮਯੰਤੀ (1906)
3. ਫੁੱਲਾਂ ਦੀ ਟੋਕਰੀ (1904)
4. ਧਰਮਵੀਰ (1912)
5. ਚੰਦਨਵਾੜੀ (1931)
6. ਕੇਸਰ ਕਿਆਰੀ (1940)
7. ਨਵਾਂ ਜਹਾਨ (1945)
8. ਸੂਫੀਖਾਨਾ (1950)
9. ਨੂਰਜਹਾਂ ਬਾਦਸ਼ਾਹ ਬੇਗਮ (1953)

ਵਿਚਾਰ

ਪੰਜਾਬੀ ਜੀਵਨ ਦਾ ਪ੍ਰਗਟਾਅ:-ਪੰਜਾਬ ਨੂੰ ਪੁਰਾਣੇ ਸਮੇਂ ਵਿਚ ਸਪਤ ਸਿੰਧੂ ਕਹਿੰਦੇ ਸਨ। ਇਹ ਰਮਣੀਕ ਧਰਤੀ ਹੈ ਜਿੱਥੇ ਪੰਜ ਦਰਿਆ ਵਹਿੰਦੇ ਹਨ। ਇਸ ਦੇ ਬੇਲੇ, ਪਹਾੜ ਤੇ ਮੈਦਾਨ ਕਾਵਿ-ਹੁਲਾਰਾ ਦਿੰਦੇ ਹਨ।ਚਾਤ੍ਰਿਕ ਨੂੰ ਪੰਜਾਬ ਦੇ ਪਿੰਡਾਂ, ਬੇਲਿਆਂ ਤੇ ਨਦੀ-ਨਾਲਿਆਂ ਨਾਲ ਬਹੁਤ ਪਿਆਰ ਸੀ।ਉਨ੍ਹਾਂ ਦੀਆਂ ਕਵਿਤਾਵਾਂ, ਪੰਜਾਬ ਤੇ ਪੰਜਾਬੀਆਂ ਸਬੰਧੀ ਹਨ ।

ਕੁਦਰਤ ਦਾ ਪ੍ਰਗਟਾਅ:-ਧਨੀ ਰਾਮ ਚਾਤ੍ਰਿਕ ਧਰਤੀ ਦੇ ਕਵੀ ਸਨ।ਉਨ੍ਹਾਂ ਨਰਕ-ਸਵਰਗ ਦੀਆਂ ਗੱਲਾਂ ਨਹੀਂ ਕੀਤੀਆਂ।ਸੰਤੋਖ ਸਿੰਘ ਧੀਰ ਵਾਂਗ ਸਮਾਜਵਾਦੀ ਸੂਝ ਦਾ ਆਵੇਸ਼ ਉਨ੍ਹਾਂ ਦੀ ਕਾਵਿ ਕਲਾ ਵਿਚ ਹੋਇਆ।

ਧਰਮ ਤੋਂ ਪਰੇ:-ਧਨੀ ਰਾਮ ਚਾਤ੍ਰਿਕ ਬੇਸ਼ੱਕ ਧਾਰਮਿਕ ਮਾਹੌਲ ਵਿਚ ਪਲੇ ਸਨ, ਪਰ ਉਹ ਧਰਮ ਦੇ ਨਾਂ' ਤੇ ਹੋ ਰਹੀਆਂ ਚਲਾਕੀਆਂ ਤੋਂ ਜਾਣੂ ਸਨ।

ਕੌਮੀ ਭਾਵਨਾਵਾਂ:-ਉਨ੍ਹਾਂ ਸਾਰੀ ਉਮਰ ਹਿੰਦੂ-ਮੁਸਲਿਮ ਏਕਤਾ ਲਈ ਪ੍ਰਚਾਰ ਕੀਤਾ, ਪਰ ਉਨ੍ਹਾਂ ਦੇ ਵੇਖਦਿਆਂ-ਵੇਖਦਿਆਂ ਪਾਕਿਸਤਾਨ ਬਣਿਆ ਤੇ ਉਨ੍ਹਾਂ ਦੇ ਪਿਆਰੇ ਪੰਜਾਬ ਦੀ ਹਿੱਕ ਉਤੇ ਲਕੀਰ ਮਾਰ ਕੇ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ।

ਕਵਿਤਾਵਾਂ

ਚਰਖਾ

1. ਚਰਖਿਆ, ਤੂੰ ਤੂੰ ਤੂੰ ਤੂੰ ਪੁਕਾਰ-ਟੇਕ
ਕੰਮ ਹੈ ਤੇਰਾ ਤੂੰ ਤੂੰ ਕਹਿਣਾ,
ਕਿਸਮਤ ਤੇਰੀ ਘੁੰਮਦਿਆਂ ਰਹਿਣਾ।
ਸੰਜਮ ਦੇ ਵਿਚ ਉਠਣਾ ਬਹਿਣਾ,
ਹੁਕਮਾਂ ਦੇ ਅਨੁਸਾਰ, ਚਰਖਿਆ ਤੂੰ ਤੂੰ ...

2. ਬਾਇਜ਼, ਮਾਹਲ, ਗੁੱਡੀਆਂ, ਮੁੰਨੀਆਂ
ਤਕਲੇ ਤਕ ਹੈ ਤੇਰੀ ਦੁਨੀਆਂ,
ਲੱਠ ਵਿਚ ਧੜਕ, ਡੋਰ ਵਿਚ ਦੌਰਾ,
ਤੁਰੀ ਚਲੇ ਘੁਮਕਾਰ ਚਰਖਿਆ ਤੂੰ ਤੂੰ

3. ਮੰਜਿਲ ਵੀ ਤੇਰੀ ਬਹੁਤ ਲਮੇਰੀ,
ਚਲਦਾ ਰਹ, ਰਖ ਨਿਗਹ ਉਚੇਰੀ।
ਏਸ ਪੜਾ ਤੇ ਰਾਤ ਲੰਘਾ ਕੇ,
ਤੜਕੇ ਹੋ ਜਾ ਤਿਆਰ, ਚਰਖਿਆ ਤੂੰ ਤੂੰ .....

4. ਜਦ ਤਕ ਚਲੇ ਚਲਾਈ ਜਾਵੀਂ,
ਹਸ ਹਸ ਗਾ ਗਾ, ਘੁਕਰ ਪਾਵੀਂ,
ਨਾਲੋ ਨਾਲ ਬਣਾਈ ਜਾਵੀਂ
ਛੱਲੀਆ ਦਾ ਅੰਬਾਰ, ਚਰਖਿਆ ਤੂੰ ਤੂੰ .....

ਆਜ਼ਾਦੀ (ਰੁਬਾਈ)

ਹੁਸਨ ਪਦਾਰਥ, ਮਹਿਲ ਮੁਨਾਰੇ, ਮੇਲੇ ਅਤੇ ਨਜ਼ਾਰੇ।
ਦੀਦੇ ਖੀਵੇ ਹੋਏ, ਤਕ ਤਕ, ਸੁਚਜ ਜਗਤ ਦੇ ਸਾਰੇ।
ਪਰ, ਜਦ ਤੋਂ, ਆਜ਼ਾਦ ਜਗਤ ਦੇ, ਪੈਣ ਲਗੇ ਝਲਕਾਰੇ।
ਇਸ਼ਕ ਤੇਰੇ ਦੇ, ਚਾ ਦੀਆਂ ਚੀਸਾਂ, ਸਾਰੇ ਸੁਆਰ ਵਿਸਾਰੇ।

ਹਾਇ ਨਾ ਤੋੜੀਂ ਵੇ ਦਿਲ ਮੇਰਾ

1. ਪਾਕ ਪਰੀਤਾਂ ਦਾ ਇਹ ਮੰਦਰ,
ਪੀੜਾਂ ਪੂਰਨ ਕਲੇਜੇ ਅੰਦਰ,
ਇਥੇ ਮੋਹਨ ਕਰੇ ਵਸੇਰਾ.
ਹਾਇ ਵੇ ਤੋੜੀਂ ਨਾ ਦਿਲ ਮੇਰਾ

2. ਬੰਦ ਕਾਲੀ ਕੋਮਲ ਵੱਡ ਮੁੱਲੀ,
ਮੂੰਹ ਮਿੱਟੀ ਹਾਲੀ ਨਹੀਂ ਖੁੱਲੀ,
ਕੋਈ ਲੁਟ ਨਾ ਖੜੇ ਫਲੇਰ
ਹਾਇ ਨਾ ਤੋੜੀਂ.....

3. ਪੰਛੀ ਨੇ ਨਹੀਂ ਭਰੀ ਉਡਾਰੀ,
ਤਕਣੀ ਚਾਹੇ ਦੁਨੀਆਂ ਸਾਰੀ,
ਘਰ ਘਰ ਪਾ ਕੇ ਫੇਰਾ.
ਹਾਇ ਨਾ ਤੋੜੀਂ.....

4. ਪਿਆਰ ਮੇਰਾ ਨਾ ਖੋਹੀਂ ਹਾਲੀ,
ਡਾਲੀ ਰਹੇ ਨਾ ਫੂਲੋਂ ਖਾਲੀ,
ਉਜੜ ਨਾ ਜਾਏ ਖੇੜਾ,
ਹਾਇ ਨਾ ਤੋੜੀਂ ਵੇ ਦਿਲ ਮੇਰਾ

ਵਿਸਾਖੀ ਦਾ ਮੇਲਾ

1. ਪੱਕ ਪਈਆਂ ਕਣਕਾਂ, ਲੁਕਾਠ ਰੱਸਿਆਂ,
ਬੂਰ ਪਿਆ ਅੰਬਰਾਂ ਨੂੰ, ਗੁਲਾਬ ਹੱਸਿਆ !
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ!
ਪੁੰਗਰੀਆਂ ਵੱਲਾਂ ਵੇੱਲਾਂ ਰੁਖੀ ਚੜ੍ਹਿਆਂ,
ਫੁੱਲਾਂ ਹੇਠੋਂ ਫਲਾਂਨੇ ਪਰੋਇਆਂ ਲੜੀਆਂ!
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ.
ਚਲ ਨੀ ਪ੍ਰੇਮੀਏ, ਵਿਸਾਖੀ ਚੱਲੀਏ!

2. ਦੂਰ ਦੂਰ ਥਾਉ ਵਣਜਾਰੇ ਆਏ ਨੇ
ਸੋਹਣੇ ਸੋਹਣੇ ਕੂੰਜਾਂ ਤੇ ਫੀਤੇ ਲਿਆਏ ਨੇ !
ਗਜਰੇਆ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਾਹਨੀਆ ਦੀ, ਲੱਗੀ ਹੋਇ ਏ!
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹਰ ਆਇਆਂ!
ਹੱਟੀ ਹੱਟੀ ਸ਼ੌਂਕੀਏ ਦੀ ਭੀੜ ਖਾਲੀ ਏ,
ਚਲ ਨੀ ਪ੍ਰੇਮੀਏ ਵਿਸਾਖੀ ਚੱਲੀਏ!

3. ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ,
ਵੰਜਲੀ, ਲੰਗੋਜਾ, ਕਾਟੋ, ਤੂੰਬਾ ਵੱਜਦੇ.
ਛਿੰਜ ਵਿਚ ਸੂਰੇ ਪਹਿਲਵਾਨ ਗੱਜਦੇ!

ਸਨਮਾਨ

ਉਹਨਾਂ ਨੂੰ ਬੁਲਾਇਆ ਗਿਆ ਹੈ " ਪੰਜਾਬ ਦਾ ਮਹਾਨ ਗੀਤਕਾਰ ਅਤੇ ਕਵੀ !1985 ਵਿੱਚ, ਸੁਰਿੰਦਰ ਸਿੰਘ ਨਰੂਲਾ ਨੇ ਆਪਦੇ ਸਨਮਾਨ ਵਿੱਚ ਇੱਕ ਕਿਤਾਬ ਪ੍ਰਕਾਸ਼ਤ ਕੀਤੀ ਜਿਸਦਾ ਨਾਮ " ਧਨੀ ਰਾਮ ਚਾਤ੍ਰਿਕ, ਪ੍ਰਕਾਸ਼ਕ: ਸਾਹਿਤ-ਅਕਾਦਮੀ" ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਚਤਰਿਕ ਨੂੰ ਉਨ੍ਹਾਂ ਦੀ ਸਾਲਾਨਾ ਡਾਇਰੀ ਉਨ੍ਹਾਂ ਨੂੰ ਸਮਰਪਿਤ ਕਰਕੇ ਸਨਮਾਨਿਤ ਕੀਤਾ।

ਟਿੱਪਣੀ

ਚਾਤ੍ਰਿਕ ਦਾ ਕਵੀ ਦੇ ਤੌਰ ਤੇ, ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਥਾਂ ਹੈ।ਪੰਜਾਬ ਦੇ ਸਭਿਆਚਾਰ ਨੂੰ ਪ੍ਰਗਟਾਅ ਦੇਣ ਕਰਕੇ ਉਸਦੀ ਕਵਿਤਾ ਵਧੇਰੇ ਮਹੱਤਵਪੂਰਣ ਹੈ।ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਦਾ ਆਰੰਭ, ਕਿੱਸਿਆਂ ਤੋਂ ਕੀਤਾ।ਭਰਥਰੀ ਹਰੀ ਅਤੇ ਨਲ-ਦਮਯੰਤੀ ਉਸਦੇ ਪਹਿਲੇ ਕਿੱਸੇ ਹਨ। ਚਾਤ੍ਰਿਕ ਨੇ ਗੁਰੂ ਕਵੀਆਂ ਬਾਰੇ ਵੀ ਕਿੱਸੇ ਲਿਖੇ ਪਰੰਤੂ ਉਸਦੀ ਕਾਵਿ ਪ੍ਰਤਿਭਾ ਛੋਟੀਆਂ ਕਵਿਤਾਵਾਂ ਵਿਚ ਵਧੇਰੇ ਨਿੱਖਰੀ ਹੈ। ਉਸਦੇ ਕਾਵਿ ਸੰਗ੍ਰਹਿ ਹਨ ਚੰਦਨਵਾੜੀ, ਕੇਸਰ ਕਿਆਰੀ, ਨਵਾਂ-ਜ਼ਮਾਨਾ ਅਤੇ ਸੂਫੀਖਾਨਾ ਆਦਿ । ਉਸਦੀ ਕਵਿਤਾ ਦੇ ਪ੍ਰਮੁੱਖ ਵਿਸ਼ੇ ਹਨ-ਪੰਜਾਬੀ ਜੀਵਨ ਦਾ ਪ੍ਰਗਟਾਅ, ਕੁਦਰਤ ਦਾ ਵਰਣਨ, ਕੌਮੀ ਭਾਵਨਾਵਾਂ ਦਾ ਪ੍ਰਗਟਾਅ ਜਿਸ ਵਿਚ ਗੁਲਾਮੀ ਪ੍ਰਤੀ ਨਫਰਤ ਵੀ ਹੈ। ਉਸਨੇ ਪਰੰਪਰਾਗਤ ਵਿਸ਼ਿਆਂ ਦੇ ਨਾਲ ਨਾਲ ਰੁਮਾਂਟਿਕ ਵਿਸ਼ਿਆ ਦੀ ਚੋਣ ਵੀ ਕੀਤਤੀ। ਚਾਤ੍ਰਿਕ ਦੀ ਕਵਿਤਾ ਦੀ ਬਿੰਬਾਵਲੀ ਵਿਚ ਨਵੀਨਤਾ ਹੈ, ਵਿਸ਼ੇ ਦਾ ਕਲਾਮਈ ਨਿਭਾ ਉਸਦੀ ਕਵਿਤਾ ਨੂੰ ਤਾਜ਼ਗੀ ਦਿੰਦਾ ਹੈ । ਉਹ ਰਵਾਇਤ ਨੂੰ ਵੀ ਅਜਿਹੇ ਤਰਕ ਤੇ ਨਵੀਨ ਬਿੰਬਾਂ ਵਿਚ ਪੇਸ਼ ਕਰਦਾ ਹੈ ਕਿ ਅੱਜ ਤਕ ਵੀ ਉਸ ਦਾ ਕਵਿਤਾ ਹਰਮਨ ਪਿਆਰੀ ਬਣੀ ਹੋਈ ਹੈ।